# California Laws – Keep Your Child Safe in the Car







More than 1,000 children are killed in motor vehicle crashes in the U.S. every year. To prevent these tragedies, select a car seat based on your child's size, then choose a seat that fits your vehicle, and use it every time.

## California Law

### BIRTH TO 16 YEARS

**Children under 2 years old must be rear facing in a car seat** unless they weigh 40 pounds or more, or are 40 inches tall or more.

**Children under age 8** must be properly buckled into a car seat or a booster in the back seat.

**Children age 8 or older,** or who are 4'9" or taller, may use the vehicle seat belt if it fits properly with the lap belt low on the hips, touching the upper thighs, and the shoulder belt crossing the center of the chest. If children are not tall enough for proper belt fit, they must ride in a booster or car seat.

**Exemptions:** A child under age 8 may ride in an appropriate restraint system in the front seat if:

- There is no rear seat.
- The rear seats are side-facing jump seats.
- The rear seats are rear-facing seats.
- The car seat or booster cannot be installed properly in the rear seat.
- All rear seats are already occupied by children seven years of age or under.
- Medical reasons require that a child cannot ride in the rear seat. Proof of the child's medical condition may be required.
- However, a child cannot be transported in a rear-facing car seat in the front seat that is equipped with an active frontal passenger airbag.

## Protect your child – It is the Law!

### FINES & PENALTIES

In California, for each child under 16 who is not properly buckled, parents (if in the car) or drivers can be fined more than **$500** and get a point on their driving records.

## Rear-Facing Car Seats



Children under the age of 2 are required to ride in a **REAR-FACING** car seat in the back seat; as recommended by the American Academy of Pediatrics. Car seat manufacturers recommend that children remain in a rear-facing car seat until they reach the top height or weight limit allowed. Rear-facing is the safest way to ride. Once your child outgrows the rear-facing car seat, your child is ready to travel in a forward-facing car seat with a harness and tether.

**CAR SEAT INSTALLATION TIPS – Once a child is placed in the car seat, be sure that the harness straps are snug and can not be pinched between your thumb and forefinger, that the chest clip is at armpit level, and that the car seat is tightly secured and does not move more than an inch from side to side. For rear-facing car seats, the harness straps are even with or below the shoulder and when the car seat is forward facing, the harness straps are even with or above the shoulders.**



## Forward-Facing Car Seats

Keep your child in a **FORWARD-FACING** car seat with a harness until your child reaches the top height or weight limit allowed by the car seat manufacturer. Forward-facing seats must be used with a top tether strap.

A car seat converts from a 5-point harness into a booster seat when your child is ready. Once your child outgrows the forward-facing car seat with a harness, it is time to travel in a **BOOSTER SEAT**, and still in the back seat.

## Boosters & Beyond



**BOOSTER SEATS** elevate your child so that the shoulder strap fits comfortably across the chest, the lap belt stays low over the hips, and the knees bend over the seat edge. Keep your children in a **BOOSTER SEAT** until they are big enough to fit in a seat belt properly.

**Older kids are ready to move out of their booster seat *only* when they pass the 5 STEP TEST.**

## 5 Step Test



If you answer "no" to any of these questions, then the child needs to continue to ride in a booster seat.

1. Is the child sitting tall so his/her whole back is touching the seatback?
2. Do the child's knees bend comfortably at the edge of the seat?
3. Does the belt cross the shoulder between the neck and arm?
4. Is the lap belt touching the tops of the legs?
5. Can the child sit like this for the whole trip?

All children are safest, properly restrained and in **the back seat until age 13**.

**NEVER** place the shoulder belt under the arm or behind the back.

## Car Seat Questions

To find an inspection station near you, go to [www.nhtsa.gov/equipment/car-seats-and-booster-seats#installation-help-inspection](https://www.nhtsa.gov/equipment/car-seats-and-booster-seats#installation-help-inspection).

California law **PROHIBITS** smoking and electronic use of tobacco and marijuana in a motor vehicle when a minor (17 years old and under) is present. A violation is punishable by a fine of up to $100.

## Dangers In & Around Cars & Kaitlyn's Law

**It is against California law** to leave a child who is 6 years of age or younger alone in the car without the supervision of a person at least 12 years old if:

1. The keys are in the ignition or the car is running, or
2. There is a significant risk to the child.

**Children are most at risk of being injured** when vehicles are moving forward or backing out of a driveway. Know the blind zones of your vehicle.

**Look Before You Lock** to be sure you have not left a child in the back seat. **HEATSTROKE** as a result of a child being left in a vehicle is a terrible tragedy.

*Funding for this publication was provided by the California Department of Public Health (and photo courtesy) and a grant from the California Office of Traffic Safety, through the National Highway Traffic Safety Administration (NHTSA).*

California Department of PublicHealth

OTS California Office of Traffic Safety

SEPTEMBER 2022

# ਕੈਲੀਫੋਰਨੀਆ ਦੇ ਕਾਨੂੰਨ - ਆਪਣੇ ਬੱਚੇ ਨੂੰ ਕਾਰ ਵਿੱਚ ਸੁਰੱਖਿਅਤ ਰੱਖੋ







ਅਮਰੀਕਾ ਵਿੱਚ ਹਰ ਸਾਲ 1,000 ਤੋਂ ਵੱਧ ਬੱਚੇ ਮੋਟਰ ਵਾਹਨ ਹਾਦਸਿਆਂ ਵਿੱਚ ਮਾਰੇ ਜਾਂਦੇ ਹਨ। ਇਹਨਾਂ ਦੁਖਾਂਤਾਂ ਨੂੰ ਰੋਕਣ ਲਈ, ਆਪਣੇ ਬੱਚੇ ਦੇ ਆਕਾਰ ਦੇ ਅਧਾਰ ਤੇ ਇੱਕ ਕਾਰ ਸੀਟ ਦੀ ਚੋਣ ਕਰੋ, ਫਿਰ ਅਜਿਹੀ ਸੀਟ ਚੁਣੋ ਜੋ ਤੁਹਾਡੇ ਵਾਹਨ ਦੇ ਅਨੁਕੂਲ ਹੋਵੇ, ਅਤੇ ਹਰ ਵਾਰ ਇਸਦੀ ਵਰਤੋਂ ਕਰੋ।

## ਕੈਲੀਫੋਰਨੀਆ ਦਾ ਕਾਨੂੰਨ

### ਜਨਮ ਤੋਂ 16 ਸਾਲ ਤੱਕ

**2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇੱਕ ਕਾਰ ਸੀਟ ਵਿੱਚ ਪਿੱਛੇ ਵੱਲ ਮੂੰਹ ਰੱਖਣਾ ਚਾਹੀਦਾ ਹੈ** ਜਦੋਂ ਤੱਕ ਕਿ ਉਹਨਾਂ ਦਾ ਭਾਰ 40 ਪੌਂਡ ਜਾਂ ਵੱਧ, ਜਾਂ 40 ਇੰਚ ਜਾਂ ਇਸ ਤੋਂ ਵੱਧ ਲੰਬਾਈ ਨਾ ਹੋਵੇ।

**8 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ** ਕਾਰ ਦੀ ਸੀਟ ਜਾਂ ਪਿਛਲੀ ਸੀਟ ਵਿੱਚ ਇੱਕ ਬੂਸਟਰ ਵਿੱਚ ਚੰਗੀ ਤਰ੍ਹਾਂ ਬੰਨ੍ਹਿਆ ਜਾਣਾ ਚਾਹੀਦਾ ਹੈ।

**8 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚੇ,** ਜਾਂ ਜੋ 4'9" ਜਾਂ ਇਸ ਤੋਂ ਲੰਬੇ ਹਨ, ਵਾਹਨ ਦੀ ਸੀਟ ਬੈਲਟ ਦੀ ਵਰਤੋਂ ਕਰ ਸਕਦੇ ਹਨ ਜੇਕਰ ਗੋਦੀ ਤੋਂ ਲੰਘਣ ਵਾਲੀ ਬੈਲਟ, ਪੱਟ ਦੇ ਉੱਪਰੀ ਹਿੱਸੇ ਨੂੰ ਛੂਹੰਦਿਆਂ ਕੂਲ੍ਹਿਆਂ ਦੇ ਕੋਲੋਂ ਲੰਘਦੀ ਹੈ, ਅਤੇ ਮੋਢੇ ਵਾਲੀ ਬੈਲਟ ਛਾਤੀ ਦੇ ਵਿਚਕਾਰੋਂ ਲੰਘਦੀ ਹੈ। ਜੇਕਰ ਬੱਚੇ ਬੈਲਟ ਸਹੀ ਤਰ੍ਹਾਂ ਲਗਾਉਣ ਲਈ ਕਾਫੀ ਲੰਬੇ ਨਹੀਂ ਹਨ, ਤਾਂ ਉਹਨਾਂ ਨੂੰ ਬੂਸਟਰ ਜਾਂ ਕਾਰ ਸੀਟ 'ਤੇ ਸਵਾਰੀ ਕਰਨੀ ਚਾਹੀਦੀ ਹੈ।

**ਛੋਟਾਂ:** 8 ਸਾਲ ਤੋਂ ਘੱਟ ਉਮਰ ਦਾ ਬੱਚਾ ਅਗਲੀ ਸੀਟ 'ਤੇ ਇੱਕ ਢੁਕਵੀਂ ਰੋਕ ਕੇ ਰੱਖਣ ਵਾਲੀ ਪ੍ਰਣਾਲੀ ਨਾਲ ਸਵਾਰ ਹੋ ਸਕਦਾ ਹੈ ਜੇਕਰ:

- ਕੋਈ ਪਿਛਲੀ ਸੀਟ ਨਹੀਂ ਹੈ।
- ਪਿਛਲੀਆਂ ਸੀਟਾਂ ਪਾਸਿਆਂ ਵੱਲ ਨੂੰ ਮੂੰਹ ਵਾਲੀਆਂ ਜੰਪ ਸੀਟਾਂ ਹਨ।
- ਪਿਛਲੀਆਂ ਸੀਟਾਂ ਪਿਛਲੇ ਪਾਸੇ ਨੂੰ ਮੂੰਹ ਵਾਲੀਆਂ ਸੀਟਾਂ ਹਨ।
- ਕਾਰ ਦੀ ਸੀਟ ਜਾਂ ਬੂਸਟਰ ਨੂੰ ਪਿਛਲੀ ਸੀਟ 'ਤੇ ਸਹੀ ਢੰਗ ਨਾਲ ਨਹੀਂ ਲਗਾਇਆ ਜਾ ਸਕਦਾ।
- ਸਾਰੀਆਂ ਪਿਛਲੀਆਂ ਸੀਟਾਂ 'ਤੇ ਪਹਿਲਾਂ ਹੀ ਸੱਤ ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਬੈਠੇ ਹਨ।
- ਡਾਕਟਰੀ ਕਾਰਨਾਂ ਕਰਕੇ ਇਹ ਜ਼ਰੂਰੀ ਹੈ ਕਿ ਬੱਚਾ ਪਿਛਲੀ ਸੀਟ 'ਤੇ ਸਵਾਰੀ ਨਹੀਂ ਕਰ ਸਕਦਾ। ਬੱਚੇ ਨੂੰ ਡਾਕਟਰੀ ਸਥਿਤੀ ਹੋਣ ਦੇ ਸਬੂਤ ਦੀ ਲੋੜ ਹੋ ਸਕਦੀ ਹੈ।
- ਹਾਲਾਂਕਿ, ਇੱਕ ਬੱਚੇ ਨੂੰ ਪਿਛਲੇ ਪਾਸੇ ਨੂੰ ਮੂੰਹ ਵਾਲੀ ਪਿਛਲੀ ਸੀਟ, ਜੋ ਇੱਕ ਸਰਗਰਮ ਫਰੰਟਲ ਯਾਤਰੀ ਏਅਰਬੈਗ ਨਾਲ ਲੈਸ ਹੈ, ਵਿੱਚ ਨਹੀਂ ਲਿਜਾਇਆ ਜਾ ਸਕਦਾ ਹੈ।

## ਆਪਣੇ ਬੱਚੇ ਦੀ ਰੱਖਿਆ ਕਰੋ - ਇਹ ਕਾਨੂੰਨ ਹੈ!

### ਹਰਜਾਨੇ ਅਤੇ ਜੁਰਮਾਨੇ

ਕੈਲੀਫੋਰਨੀਆ ਵਿੱਚ, 16 ਸਾਲ ਤੋਂ ਘੱਟ ਉਮਰ ਦੇ ਹਰੇਕ ਬੱਚੇ ਲਈ, ਜਿਸਨੂੰ ਸਹੀ ਢੰਗ ਨਾਲ ਬੱਕਲ ਨਾਲ ਸੁਰੱਖਿਅਤ ਨਹੀਂ ਕੀਤਾ ਗਿਆ ਹੈ, ਮਾਪਿਆਂ (ਜੇਕਰ ਕਾਰ ਵਿੱਚ ਹੈ) ਜਾਂ ਡਰਾਈਵਰ ਨੂੰ **$500** ਤੋਂ ਵੱਧ ਜੁਰਮਾਨਾ ਲਗਾਇਆ ਜਾ ਸਕਦਾ ਹੈ ਅਤੇ ਉਹਨਾਂ ਦੇ ਡਰਾਈਵਿੰਗ ਰਿਕਾਰਡਾਂ 'ਤੇ ਇੱਕ ਪੁਆਇੰਟ ਲਗਾਇਆ ਜਾ ਸਕਦਾ ਹੈ।

## ਕਾਰ ਦੀਆਂ ਪਿਛਲੇ ਪਾਸੇ ਨੂੰ ਮੂੰਹ ਵਾਲੀਆਂ ਸੀਟਾਂ



2 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਿਛਲੀ ਸੀਟ ਵਿੱਚ ਇੱਕ **ਪਿੱਛੇ ਵੱਲ ਮੂੰਹ ਕਰਨ ਵਾਲੀ** ਕਾਰ ਸੀਟ ਵਿੱਚ ਸਵਾਰੀ ਕਰਨੀ ਚਾਹੀਦੀ ਹੈ; ਜਿਵੇਂ ਕਿ ਅਮੈਰੀਕਨ ਅਕੈਡਮੀ ਆਫ਼ ਪੀਡੀਆਟ੍ਰਿਕਸ ਦੁਆਰਾ ਸਿਫ਼ਾਰਸ਼ ਕੀਤੀ ਗਈ ਹੈ। ਕਾਰ ਸੀਟ ਨਿਰਮਾਤਾ ਸਲਾਹ ਦਿੰਦੇ ਹਨ ਕਿ ਬੱਚੇ ਪਿਛਲੇ ਪਾਸੇ ਨੂੰ ਮੂੰਹ ਵਾਲੀ ਸੀਟ

ਕਾਰ ਸੀਟ ਉੱਤੇ ਰਹਿਣ ਜਦੋਂ ਤੱਕ ਉਹ ਆਗਿਆ ਦਿੱਤੀ ਗਈ ਲੰਬਾਈ ਜਾਂ ਵਜ਼ਨ ਦੀ ਸੀਮਾ ਤੱਕ ਨਹੀਂ ਪਹੁੰਚ ਜਾਂਦੇ। ਰਾਈਡ ਕਰਨ ਦਾ ਸਭ ਤੋਂ ਸੁਰੱਖਿਅਤ ਤਰੀਕਾ ਪਿਛਲੇ ਪਾਸੇ ਨੂੰ ਮੂੰਹ ਵਾਲੀ ਸੀਟ ਉੱਪਰ ਸਵਾਰੀ ਕਰਨਾ ਹੈ। ਇੱਕ ਵਾਰ ਜਦੋਂ ਤੁਹਾਡਾ ਬੱਚਾ ਪਿਛਲੇ ਪਾਸੇ ਨੂੰ ਮੂੰਹ ਵਾਲੀ ਸੀਟ ਉੱਪਰ ਸਵਾਰੀ ਕਰਨ ਲਈ ਵੱਡਾ ਹੋ ਜਾਂਦਾ ਹੈ ਤਾਂ ਤੁਹਾਡਾ ਬੱਚਾ ਇੱਕ ਹਾਰਨੈੱਸ ਅਤੇ ਟੀਥਰ ਨਾਲ ਅੱਗੇ ਨੂੰ ਮੂੰਹ ਵਾਲੀ ਕਾਰ ਸੀਟ ਵਿੱਚ ਸਫ਼ਰ ਕਰਨ ਲਈ ਤਿਆਰ ਹੁੰਦਾ ਹੈ।

**ਕਾਰ ਸੀਟ ਲਗਾਉਣ ਦੇ ਸੁਝਾਅ** – ਇੱਕ ਵਾਰ ਜਦੋਂ ਬੱਚੇ ਨੂੰ ਕਾਰ ਦੀ ਸੀਟ 'ਤੇ ਬਿਠਾਇਆ ਜਾਂਦਾ ਹੈ, ਤਾਂ ਇਹ ਯਕੀਨੀ ਬਣਾਓ ਕਿ ਹਾਰਨੈੱਸ ਦੀਆਂ ਪੱਟੀਆਂ ਆਰਾਮਦਾਇਕ ਹੋਣ ਅਤੇ ਤੁਹਾਡੇ ਅੰਗੂਠੇ ਅਤੇ ਪਹਿਲੀ ਉਂਗਲ ਦੇ ਵਿਚਕਾਰ ਚੁੱਭ ਨਹੀਂ ਸਕਦੀਆਂ, ਇਹ ਕਿ ਛਾਤੀ ਦੀ ਕਲਿੱਪ ਕੱਛ ਦੇ ਪੱਧਰ 'ਤੇ ਹੈ, ਅਤੇ ਇਹ ਕਿ ਕਾਰ ਸੀਟ ਨੂੰ ਕੱਸ ਕੇ ਸੁਰੱਖਿਅਤ ਕੀਤਾ ਜਾਂਦਾ ਹੈ ਅਤੇ ਇਹ ਇੱਕ ਪਾਸੇ ਤੋਂ ਦੂਜੇ ਪਾਸੇ ਇੱਕ ਇੰਚ ਤੋਂ ਵੱਧ ਨਹੀਂ ਖਿਸਕਦੀ। ਕਾਰ ਦੀਆਂ ਪਿਛਲੇ ਪਾਸੇ ਨੂੰ ਮੂੰਹ ਵਾਲੀਆਂ ਸੀਟਾਂ ਲਈ, ਹਾਰਨੈੱਸ ਪੱਟੀਆਂ ਮੋਢੇ ਦੇ ਨਾਲ ਜਾਂ ਹੇਠਾਂ ਵੀ ਹੁੰਦੀਆਂ ਹਨ ਅਤੇ ਜਦੋਂ ਕਾਰ ਸੀਟ ਨੂੰ ਮੂੰਹ ਵਾਲੀ ਹੁੰਦੀ ਹੈ, ਤਾਂ ਹਾਰਨੈੱਸ ਪੱਟੀਆਂ ਮੋਢਿਆਂ ਦੇ ਨਾਲ ਜਾਂ ਉੱਪਰ ਹੁੰਦੀਆਂ ਹਨ।



## ਅੱਗੇ ਵੱਲ ਮੂੰਹ ਕਰਨ ਵਾਲੀਆਂ ਕਾਰ ਸੀਟਾਂ

ਜਦੋਂ ਤੱਕ ਤੁਹਾਡਾ ਬੱਚਾ ਕਾਰ ਸੀਟ ਨਿਰਮਾਤਾ ਦੁਆਰਾ ਮਨਜ਼ੂਰ ਲੰਬਾਈ ਜਾਂ ਵਜ਼ਨ ਸੀਮਾ 'ਤੇ ਨਹੀਂ ਪਹੁੰਚ ਜਾਂਦਾ ਹੈ, ਉਦੋਂ ਤੱਕ ਆਪਣੇ ਬੱਚੇ ਨੂੰ ਹਾਰਨੈੱਸ ਇੱਕ **ਅੱਗੇ ਵੱਲ ਮੂੰਹ ਕਰਨ ਵਾਲੀ** ਕਾਰ ਸੀਟ ਵਿੱਚ ਲਿਜਾਓ। ਅੱਗੇ ਵੱਲ ਮੂੰਹ ਕਰਨ ਵਾਲੀਆਂ ਸੀਟਾਂ ਨੂੰ ਸਿਖਰ ਤੇ ਲੱਗੀ ਟੀਥਰ ਪੱਟੀ ਨਾਲ ਵਰਤਿਆ ਜਾਣਾ ਚਾਹੀਦਾ ਹੈ।

ਜਦੋਂ ਤੁਹਾਡਾ ਬੱਚਾ ਤਿਆਰ ਹੁੰਦਾ ਹੈ ਤਾਂ ਕਾਰ ਸੀਟ 5-ਪੁਆਇੰਟ ਵਾਲੀ ਹਾਰਨੈੱਸ ਤੋਂ ਬੂਸਟਰ ਸੀਟ ਵਿੱਚ ਬਦਲ ਜਾਂਦੀ ਹੈ। ਇੱਕ ਵਾਰ ਜਦੋਂ ਤੁਹਾਡਾ ਬੱਚਾ ਇੱਕ ਹਾਰਨੈੱਸ ਨਾਲ ਅੱਗੇ ਵੱਲ ਮੂੰਹ ਕਰਨ ਵਾਲੀਆਂ ਸੀਟ ਤੋਂ ਵੱਧ ਜਾਂਦਾ ਹੈ, ਤਾਂ ਇਹ ਇੱਕ **ਬੂਸਟਰ ਸੀਟ** ਵਿੱਚ ਯਾਤਰਾ ਕਰਨ ਦਾ ਸਮਾਂ ਹੈ, ਅਤੇ ਇਹ ਅਜੇ ਵੀ ਪਿਛਲੀ ਸੀਟ ਵਿੱਚ ਹੈ।

## ਬੂਸਟਰ ਅਤੇ ਇਨ੍ਹਾਂ ਤੋਂ ਅਗਾਂਹ



**ਬੂਸਟਰ ਸੀਟਾਂ** ਤੁਹਾਡੇ ਬੱਚੇ ਨੂੰ ਉੱਚਾ ਚੁੱਕਦੀਆਂ ਹਨ ਤਾਂ ਕਿ ਮੋਢੇ ਦੀ ਪੱਟੀ ਛਾਤੀ ਦੇ ਪਾਰ ਆਰਾਮ ਨਾਲ ਫਿੱਟ ਹੋਵੇ, ਗੋਦੀ ਦੀ ਪੱਟੀ ਕੂਲ੍ਹਿਆਂ ਉੱਤੇ ਨੀਵੀਂ ਰਹਿੰਦੀ ਹੈ, ਅਤੇ ਗੋਡੇ ਸੀਟ ਦੇ ਕਿਨਾਰੇ ਉੱਤੇ ਮੁੜਦੇ ਹਨ। ਆਪਣੇ ਬੱਚਿਆਂ ਨੂੰ ਇੱਕ **ਬੂਸਟਰ ਸੀਟ** ਵਿੱਚ ਉਦੋਂ ਤੱਕ ਰੱਖੋ ਜਦੋਂ ਤੱਕ ਉਹ ਇੰਨੇ ਵੱਡੇ ਨਾ ਹੋ ਜਾਣ ਕਿ ਉਹ ਸੀਟ ਬੈਲਟ ਵਿੱਚ ਸਹੀ ਤਰ੍ਹਾਂ ਫਿੱਟ ਹੋ ਜਾਣ।

ਵੱਡੀ ਉਮਰ ਦੇ ਬੱਚੇ ਸਿਰਫ਼ ਓਦੋਂ ਆਪਣੀ ਬੂਸਟਰ ਸੀਟ ਨੂੰ ਛੱਡਣ ਲਈ ਤਿਆਰ ਹੁੰਦੇ ਹਨ ਜਦੋਂ ਉਹ 5 **ਕਦਮ ਵਾਲਾ ਟੈਸਟ** ਪਾਸ ਕਰਦੇ ਹਨ।

## 5 ਕਦਮ ਵਾਲਾ ਟੈਸਟ



ਜੇਕਰ ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਸਵਾਲ ਦਾ ਜਵਾਬ "ਨਹੀਂ" ਵਿੱਚ ਦਿੰਦੇ ਹੋ, ਤਾਂ ਬੱਚੇ ਨੂੰ ਬੂਸਟਰ ਸੀਟ 'ਤੇ ਸਵਾਰੀ ਕਰਨਾ ਜਾਰੀ ਰੱਖਣ ਦੀ ਲੋੜ ਹੈ।

1. ਜੇ ਬੱਚਾ ਸਿੱਧਾ ਬੈਠਦਾ ਹੈ ਤਾਂ ਉਸਦੀ ਪੂਰੀ ਪਿੱਠ ਸੀਟਬੈਕ ਨੂੰ ਛੂਹ ਰਹੀ ਹੈ?
2. ਕੀ ਬੱਚੇ ਦੇ ਗੋਡੇ ਸੀਟ ਦੇ ਕਿਨਾਰੇ 'ਤੇ ਆਰਾਮ ਨਾਲ ਮੁੜਦੇ ਹਨ?
3. ਕੀ ਬੈਲਟ ਗਰਦਨ ਅਤੇ ਬਾਂਹ ਦੇ ਵਿਚਕਾਰ ਮੋਢੇ ਨੂੰ ਪਾਰ ਕਰਦੀ ਹੈ?
4. ਕੀ ਗੋਦੀ ਦੀ ਬੈਲਟ ਲੱਤਾਂ ਦੇ ਸਿਖਰ ਨੂੰ ਛੂਹ ਰਹੀ ਹੈ?
5. ਕੀ ਬੱਚਾ ਪੂਰੀ ਯਾਤਰਾ ਲਈ ਇਸ ਤਰ੍ਹਾਂ ਬੈਠ ਸਕਦਾ ਹੈ?

**ਸਾਰੇ ਬੱਚੇ 13 ਸਾਲ ਦੀ ਉਮਰ ਤੱਕ ਪਿਛਲੀ ਸੀਟ ਵਿੱਚ** ਸਭ ਤੋਂ ਸੁਰੱਖਿਅਤ, ਸਹੀ ਢੰਗ ਨਾਲ ਸੰਜਮਿਤ ਹੁੰਦੇ ਹਨ।

**ਕਦੇ ਵੀ** ਮੋਢੇ ਦੀ ਬੈਲਟ ਨੂੰ ਬਾਂਹ ਦੇ ਹੇਠਾਂ ਜਾਂ ਪਿੱਠ ਦੇ ਪਿੱਛੇ ਨਾ ਰੱਖੋ।

## ਕਾਰ ਸੀਟ ਸੰਬੰਧੀ ਸਵਾਲ

ਆਪਣੇ ਨੇੜੇ ਇੱਕ ਨਿਰੀਖਣ ਸਟੇਸ਼ਨ ਲੱਭਣ ਲਈ ਦੇਖੋ www. nhtsa.gov/equipment/ car-seats-and-booster-seats#installation-help-inspection।

ਕੈਲੀਫੋਰਨੀਆ ਦਾ ਕਾਨੂੰਨ ਇੱਕ ਮੋਟਰ ਵਾਹਨ ਵਿੱਚ ਤੰਬਾਕੂ ਅਤੇ ਭੰਗ ਦੀ ਇਲੈਕਟ੍ਰਾਨਿਕ ਵਰਤੋਂ **ਪ੍ਰਤੀਬੰਧਤ ਕਰਦਾ ਹੈ** ਜਦੋਂ ਇੱਕ ਨਾਬਾਲਗ (17 ਸਾਲ ਅਤੇ ਇਸ ਤੋਂ ਘੱਟ) ਮੌਜੂਦ ਹੁੰਦਾ ਹੈ। ਉਲੰਘਣਾ $100 ਤੱਕ ਦੇ ਜੁਰਮਾਨੇ ਦੁਆਰਾ ਸਜ਼ਾਯੋਗ ਹੈ।

## ਕਾਰਾਂ ਵਿੱਚ ਦੇ ਆਲੇ ਦੁਆਲੇ ਦੇ ਖ਼ਤਰੇ ਅਤੇ ਕੈਟਲਿਨ ਦਾ ਕਾਨੂੰਨ

6 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਬੱਚੇ ਨੂੰ ਘੱਟੋ-ਘੱਟ 12 ਸਾਲ ਦੇ ਕਿਸੇ ਵਿਅਕਤੀ ਦੀ ਨਿਗਰਾਨੀ ਤੋਂ ਬਿਨਾਂ ਕਾਰ ਵਿੱਚ ਇਕੱਲੇ ਛੱਡਣਾ ਕੈਲੀਫੋਰਨੀਆ ਦੇ ਕਾਨੂੰਨ ਦੇ ਵਿਰੁੱਧ ਹੈ, ਜੇਕਰ:

1. ਚਾਬੀਆਂ ਇਗਨੀਸ਼ਨ ਵਿੱਚ ਹਨ ਜਾਂ ਕਾਰ ਚਾਲੂ ਹੈ, ਜਾਂ
2. ਬੱਚੇ ਲਈ ਇੱਕ ਮਹੱਤਵਪੂਰਨ ਖਤਰਾ ਹੈ।

**ਬੱਚਿਆਂ ਨੂੰ ਜ਼ਖਮੀ ਹੋਣ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ** ਜਦੋਂ ਵਾਹਨ ਡਰਾਈਵਵੇਅ ਤੋਂ ਅੱਗੇ ਜਾਂ ਪਿੱਛੇ ਜਾ ਰਹੇ ਹੁੰਦੇ ਹਨ। ਆਪਣੇ ਵਾਹਨ ਦੇ ਸਪਸ਼ਟਤਾ ਨਾਲ ਨਜ਼ਰ ਨਾ ਆਉਣ ਵਾਲੇ ਜ਼ੋਨਾਂ ਨੂੰ ਜਾਣੋ।

**ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਕਿਸੇ ਬੱਚੇ ਨੂੰ ਪਿਛਲੀ ਸੀਟ 'ਤੇ ਨਹੀਂ ਛੱਡਿਆ ਹੈ,** ਕਾਰ ਲਾਕ ਕਰਨ ਤੋਂ ਪਹਿਲਾਂ ਦੇਖੋ। ਇੱਕ ਬੱਚੇ ਨੂੰ ਵਾਹਨ ਵਿੱਚ ਛੱਡੇ ਜਾਣ ਦੇ ਨਤੀਜੇ ਵਜੋਂ ਹੋਣ ਵਾਲਾ **ਹੀਟਸਟ੍ਰੋਕ** ਇੱਕ ਭਿਆਨਕ ਦੁਖਾਂਤ ਹੈ।

ਇਸ ਪ੍ਰਕਾਸ਼ਨ ਲਈ ਫੰਡਿੰਗ (ਅਤੇ ਫੋਟੋ ਲਈ ਸ਼ਿਸ਼ਟਾਚਾਰ) ਕੈਲੀਫੋਰਨੀਆ ਡਿਪਾਰਟਮੈਂਟ ਆਫ ਪਬਲਿਕ ਹੈਲਥ (California Department of Public Health) ਦੁਆਰਾ ਪ੍ਰਦਾਨ ਕੀਤੀ ਗਈ ਸੀ ਅਤੇ ਨੈਸ਼ਨਲ ਹਾਈਵੇ ਟ੍ਰੈਫਿਕ ਸੇਫਟੀ ਐਡਮਿਨਿਸਟ੍ਰੇਸ਼ਨ (National Highway Traffic Safety Administration , NHTSA) ਰਾਹੀਂ ਕੈਲੀਫੋਰਨੀਆ ਆਫਿਸ ਆਫ ਟ੍ਰੈਫਿਕ ਸੇਫਟੀ (California Office of Traffic Safety) ਦੁਆਰਾ ਇੱਕ ਗ੍ਰਾਂਟ ਦਿੱਤੀ ਗਈ ਸੀ।

California Department of PublicHealth

CALIFORNIA OFFICE OF TRAFFIC SAFETY

ਸਤੰਬਰ 2022

PUNJABI